Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਜ਼ੀ-ਕ਼ਰਦ, ਨਜਦ ਵੱਲ ਸਿਰਿਯਾ ਅਬਾਨ ਬਿਨ ਸਈਦ ਅਤੇ ਗ਼ਜ਼ਵਾ ਖ਼ੈਬਰ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 31 ਜਨਵਰੀ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਜੁਮਏ ਵਿੱਚ ਗ਼ਜ਼ਵਾ ਜ਼ੀ-ਕ਼ਰਦ ਦਾ ਜ਼ਿਕਰ ਹੋ ਰਿਹਾ ਸੀ। ਜਿਵੇਂ ਕਿ ਦੱਸਿਆ ਗਿਆ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਗ਼ਜ਼ਵੇ ਵਿੱਚ ਜਾਣ ਤੋਂ ਪਹਿਲਾਂ ਕੁੱਝ ਸਹਾਬਾ ਨੂੰ ਦੁਸ਼ਮਣ ਵੱਲ ਰਵਾਨਾ ਕੀਤਾ ਸੀ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਦੇ ਪਿੱਛੇ ਆਪਣੀ ਫ਼ੌਜ ਲੈ ਕੇ ਰਵਾਨਾ ਹੋਏ। ਇਸ ਬਾਰੇ ਹੋਰ ਲਿਖਿਆ ਹੈ ਕਿ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਸਹਾਬਾ ਆਏ ਤਾਂ ਦੁਸ਼ਮਣ ਦੀ ਫ਼ੌਜ ਨੇ ਇਨ੍ਹਾਂ ਨੂੰ ਦੇਖਿਆ ਅਤੇ ਉਹ ਭੱਜ ਗਏ। ਜਦ ਮੁਸਲਮਾਨ ਪੜਾਅ ਦੀ ਜਗ੍ਹਾ 'ਤੇ ਪਹੁੰਚੇ ਤਾਂ ਹਜ਼ਰਤ ਅਬੂ ਕ਼ਤਾਦਾ ਰਜ਼ਿ ਅੱਲਾਹੁ ਅਨਹੁ ਦਾ ਘੋੜਾ ਉੱਥੇ ਮੌਜੂਦ ਸੀ, ਜਿਸ ਦੀਆਂ ਖੁੱਚਾਂ ਵੱਢੀਆਂ ਹੋਈਆਂ ਸਨ, ਇੱਕ ਸਹਾਬੀ ਨੇ ਕਿਹਾ ਯਾ ਰਸੂਲੁੱਲਾਹ! ਅਬੂ ਕ਼ਤਾਦਾ ਦੇ ਘੋੜੇ ਦੀਆਂ ਖੁੱਚਾਂ ਤਾਂ ਵੱਢੀਆਂ ਹੋਈਆਂ ਹਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਸਦੇ ਕੋਲ ਖੜੇ ਹੋਏ ਅਤੇ ਦੋ (02) ਵਾਰ ਫ਼ਰਮਾਇਆ, ਤੇਰਾ ਭਲਾ ਹੋਵੇ! ਜੰਗ ਵਿੱਚ ਤੇਰੇ ਕਿੰਨੇ ਦੁਸ਼ਮਣ ਹਨ। ਫਿਰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਸਹਾਬਾ ਅੱਗੇ ਚੱਲ ਪਏ ਇੱਥੋਂ ਤੱਕ ਕਿ ਉਸ ਥਾਂ ਪਹੁੰਚ ਗਏ ਜਿੱਥੇ ਹਜ਼ਰਤ ਅਬੂ ਕ਼ਤਾਦਾ ਰਜ਼ਿ ਅੱਲਾਹੁ ਅਨਹੁ ਅਤੇ ਮਸਅਦਾ ਨੇ ਕੁਸ਼ਤੀ ਕੀਤੀ ਸੀ (ਪਿਛਲੇ ਖ਼ੁਤਬੇ ਵਿੱਚ ਇਸਦਾ ਜ਼ਿਕਰ ਹੋ ਚੁੱਕਿਆ ਹੈ)। ਤਾਂ ਉਨ੍ਹਾਂ ਨੇ ਸੋਚਿਆ ਕਿ ਹਜ਼ਰਤ ਅਬੂ ਕ਼ਤਾਦਾ ਰਜ਼ਿ ਅੱਲਾਹੁ ਅਨਹੁ ਚਾਦਰ ਵਿੱਚ ਲੰਮੇ ਪਏ ਹਨ। ਇੱਕ ਸਹਾਬੀ ਨੇ ਅਰਜ਼ ਕੀਤਾ, ਯਾ ਰਸੂਲੁੱਲਾਹ! ਲੱਗਦਾ ਹੈ ਅਬੂ ਕ਼ਤਾਦਾ ਸ਼ਹੀਦ ਹੋ ਗਏ ਹਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਅੱਲਾਹ ਅਬੂ ਕ਼ਤਾਦਾ 'ਤੇ ਰਹਮ ਕਰੇ! ਉਸ ਜ਼ਾਤ ਦੀ ਸਹੁੰ! ਜਿਸਨੇ ਮੈਨੂੰ ਇੱਜ਼ਤ ਬਖ਼ਸ਼ੀ ਹੈ, ਅਬੂ ਕ਼ਤਾਦਾ ਤਾਂ ਦੁਸ਼ਮਣ ਦੇ ਪਿੱਛੇ ਪਿੱਛੇ ਹੈ ਅਤੇ ਰਿਜਜ਼ (ਰਿਜਜ਼ - ਜੰਗ ਦੇ ਮੌਕੇ 'ਤੇ ਜੋਸ਼ ਦਵਾਉਣ ਲਈ ਪੜ੍ਹੇ ਜਾਣ ਵਾਲੇ ਗੀਤ) ਪੜ੍ਹ ਰਿਹਾ ਹੈ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਛੇਤੀ ਨਾਲ ਅੱਗੇ ਵਧੇ ਅਤੇ ਚਾਦਰ ਹਟਾਈ ਤਾਂ ਮਸਅਦਾ ਦਾ ਚਿਹਰਾ ਦੇਖਿਆ। ਉਨ੍ਹਾਂ ਦੋਹਾਂ ਨੇ ਕਿਹਾ ਕਿ ਅੱਲਾਹੁ ਅਕਬਰ! ਅੱਲਾਹ ਅਤੇ ਉਸਦੇ ਰਸੂਲ ਨੇ ਸੱਚ ਕਿਹਾ। ਯਾ ਰਸੂਲੁੱਲਾਹ ਇਹ ਮਸਅਦਾ ਹੈ, ਇਸ 'ਤੇ ਸਹਾਬਾ ਨੇ ਵੀ ਤਕਬੀਰ ਕਹੀ। ਫਿਰ ਥੋੜ੍ਹੀ ਦੇ ਬਾਅਦ ਹੀ ਹਜ਼ਰਤ ਅਬੂ ਕ਼ਤਾਦਾ ਰਜ਼ਿ ਅੱਲਾਹੁ ਅਨਹੁ ਊਠਣੀਆਂ ਹੱਕਦੇ ਹੋਏ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋ ਗਏ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਐ ਅਬੂ ਕ਼ਤਾਦਾ! ਤੇਰਾ ਚਿਹਰਾ ਕਾਮਯਾਬ ਹੋ ਗਿਆ। ਅਬੂ ਕ਼ਤਾਦਾ ਘੋੜ ਸਵਾਰਾਂ ਦੇ ਸਰਦਾਰ ਹਨ। ਐ ਅਬੂ ਕ਼ਤਾਦਾ! ਅੱਲਾਹ ਤੇਰੇ 'ਚ ਬਰਕਤ ਰੱਖ ਦੇਵੇ। ਦੂਸਰੀ ਰਿਵਾਇਤ ਵਿੱਚ ਹੈ ਕਿ ਤੇਰੀ ਔਲਾਦ ਅਤੇ ਔਲਾਦ ਦੀ ਔਲਾਦ ਵਿੱਚ ਬਰਕਤ ਰੱਖ ਦੇਵੇ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਐ ਅਬੂ ਕ਼ਤਾਦਾ! ਇਹ ਤੇਰੇ ਚਿਹਰੇ ਨੂੰ ਕੀ ਹੋਇਆ ਹੈ? ਉਹ ਕਹਿਣ ਲੱਗੇ ਕਿ ਮੇਰੇ

ਮਾਂ ਬਾਪ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ 'ਤੇ ਕ਼ੁਰਬਾਨ ਹੋਣ! ਮੈਨੂੰ ਇੱਕ ਤੀਰ ਲੱਗਿਆ ਸੀ, ਉਸ ਜ਼ਾਤ ਦੀ ਸਹੁੰ! ਜਿਸ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇੱਜ਼ਤ ਬਖ਼ਸ਼ੀ ਹੈ, ਮੇਰਾ ਖ਼ਿਆਲ ਸੀ ਕਿ ਮੈਂ ਤੀਰ ਕੱਢ ਦਿੱਤਾ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਅਬੂ ਕ਼ਤਾਦਾ ਮੇਰੇ ਨੇੜੇ ਆ। ਮੈਂ ਨੇੜੇ ਹੋਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਰਮੀ ਨਾਲ਼ ਤੀਰ ਕੱਢ ਦਿੱਤਾ ਅਤੇ ਥੁੱਕ ਲਾਇਆ ਅਤੇ ਆਪਣਾ ਹੱਥ ਉਸ 'ਤੇ ਰੱਖਿਆ। ਉਸ ਕਹਿੰਦੇ ਹਨ ਕਿ ਉਸ ਜ਼ਾਤ ਦੀ ਸਹੁੰ! ਜਿਸ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਨਬੁੱਵਤ ਬਖ਼ਸ਼ੀ ਹੈ, ਮੈਨੂੰ ਇੰਝ ਲੱਗਦਾ ਸੀ ਜਿਵੇਂ ਕੋਈ ਸੱਟ ਲੱਗੀ ਹੀ ਨਾ ਹੋਵੇ ਅਤੇ ਕੋਈ ਜ਼ਖ਼ਮ ਨਾ ਆਇਆ ਹੋਵੇ। ਇੱਕ ਰਿਵਾਇਤ ਵਿੱਚ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜਦ ਹਜ਼ਰਤ ਅਬੂ ਕ਼ਤਾਦਾ ਰਜ਼ਿ ਅੱਲਾਹੁ ਅਨਹੁ ਨੂੰ ਦੇਖਿਆ ਤਾਂ ਫ਼ਰਮਾਇਆ, ਐ ਅੱਲਾਹ! ਇਸਦੇ ਵਾਲ਼ਾਂ ਅਤੇ ਇਸਦੀ ਤੂਚਾ ਵਿੱਚ ਬਰਕਤ ਰੱਖ ਦੇ। ਅਤੇ ਫ਼ਰਮਾਇਆ ਕਿ ਤੇਰਾ ਚਿਹਰਾ ਕਾਮਯਾਬ ਹੋ ਗਿਆ। ਉਹ ਕਹਿੰਦੇ ਹਨ ਕਿ ਮੈਂ ਅਰਜ਼ ਕੀਤਾ, ਯਾ ਰਸੂਲੁੱਲਾਹ! ਆਪ ਦਾ ਚਿਹਰਾ ਕਮਾਯਾਬ ਹੋ ਗਿਆ। ਫਿਰ ਜਦ ਸੱਤਰ (70) ਸਾਲ ਦੀ ਉਮਰ ਵਿੱਚ ਆਪ ਰਜ਼ਿ ਅੱਲਾਹੁ ਅਨਹੁ ਦੀ ਵਫ਼ਾਤ ਹੋਈ, ਤਦ ਵੀ ਕਹਿੰਦੇ ਹਨ ਕਿ ਉਹ ਚਿਹਰੇ ਤੋਂ ਪੰਦਰਾਂ (15) ਸਾਲ ਦੇ ਲੱਗਦੇ ਸਨ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜ਼ੁਲ ਕ਼ਰਦ ਪਹੁੰਚਣ ਦੇ ਬਾਰੇ ਬਿਆਨ ਹੋਇਆ ਹੈ ਕਿ ਹਜ਼ਰਤ ਸਲਮਾ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇਸ਼ਾਅ ਦੇ ਵੇਲ਼ੇ ਪਹੁੰਚੇ ਅਤੇ ਚਸ਼ਮੇ 'ਤੇ ਪੜਾਅ ਕੀਤਾ, ਜਿੱਥੇ ਮੈਂ ਦੁਸ਼ਮਣ ਨੂੰ ਰੋਕਿਆ ਸੀ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਹ ਹਰ ਚੀਜ਼ ਅਤੇ ਊਠਣੀਆਂ ਕ਼ਬਜ਼ੇ ਵਿੱਚ ਲੈ ਚੁੱਕੇ ਸਨ ਜਿਹੜੀ ਮੈਂ ਦੁਸ਼ਮਣ ਤੋਂ ਖੋਹੀਆਂ ਸੀ। ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੇ ਉਨ੍ਹਾਂ ਊਠਣੀਆਂ ਵਿੱਚੋਂ ਇੱਕ ਊਠਣੀ ਜ਼ਿਬਾ ਕੀਤੀ, ਜਿਹੜੀਆਂ ਦੁਸ਼ਮਣ ਤੋਂ ਖੋਹੀਆਂ ਗਈਆਂ ਸਨ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਲਈ ਉਸਦਾ ਕਲੇਜਾ ਅਤੇ ਕੋਹਾਨ ਭੁੰਨਿਆ। ਹਜ਼ਰਤ ਸਾਅਦ ਬਿਨ ਉਬਾਦਾ ਨੇ ਖਜੂਰਾਂ ਨਾਲ਼ ਲੱਦੇ ਹੋਏ ਦੱਸ (10) ਊਠ ਭੇਜੇ ਜਿਹੜੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਜ਼ੁਲ ਕ਼ਰਦ ਮਕ਼ਾਮ 'ਤੇ ਮਿਲ਼ੇ।

ਹਜ਼ਰਤ ਸਲਮਾ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਮੈਂ ਅਰਜ਼ ਕੀਤਾ ਕਿ ਮੈਂ ਦੁਸ਼ਮਣ ਨੂੰ ਪਾਣੀ ਤੋਂ ਰੋਕਿਆ ਹੋਇਆ ਸੀ ਅਤੇ ਉਹ ਪਿਆਸੇ ਸਨ, ਆਪ ਮੈਨੂੰ ਇੱਕ ਸੌ (100) ਮੁਜਾਹਿਦਾਂ ਨਾਲ਼ ਰਵਾਨਾ ਕਰੋ, ਮੈਂ ਉਨ੍ਹਾਂ ਦਾ ਪਿੱਛਾ ਕਰਕੇ ਉਨ੍ਹਾਂ ਦੇ ਹਰ ਖ਼ਬਰੀ ਨੂੰ ਵੀ ਕ਼ਤਲ ਕਰ ਦਊਂਗਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੁਸਕਰਾਉਣ ਲੱਗੇ ਇੱਥੋਂ ਤੱਕ ਕਿ ਅੱਗ ਦੀ ਲੋ 'ਚ ਆਪ ਦੇ ਮੁਬਾਰਕ ਦੰਦ ਨਜ਼ਰ ਆਉਣ ਲੱਗੇ ਅਤੇ ਫ਼ਰਮਾਇਆ, ਸਲਮਾ! ਕੀ ਤੂੰ ਇੰਝ ਕਰ ਸਕਦਾ ਹੈਂ? ਮੈਂ ਕਿਹਾ ਕਿ ਆਪ ਨੂੰ ਇੱਜ਼ਤ ਦੇਣ ਵਾਲ਼ੇ ਦੀ ਸਹੁੰ! ਜੀ ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਤੂੰ ਉਨ੍ਹਾਂ 'ਤੇ ਕ਼ਾਬੂ ਪਾ ਲਿਆ ਹੈ ਤਾਂ ਨਰਮੀ ਕਰ। ਇਹ ਅਰਬ ਦੇ ਮੁਹਾਵਰਿਆਂ ਵਿੱਚੋਂ ਇੱਕ ਮੁਹਾਵਰਾ ਹੈ ਜਿਸਦਾ ਅਰਥ ਹੈ ਕਿ ਬੇਹਤਰੀਨ ਮੁਆਫ਼ੀ ਇਹੀ ਹੈ ਕਿ ਨਰਮੀ ਕਰੋ ਅਤੇ ਸਖ਼ਤੀ ਤੋਂ ਕੰਮ ਨਾ ਲਵੋ।

ਇਸ ਗ਼ਜ਼ਵੇ ਦੇ ਲਈ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਬੁੱਧ ਦੀ ਸਵੇਰ ਨੂੰ ਰਵਾਨਾ ਹੋਏ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਰਾਤ ਅਤੇ ਇੱਕ ਦਿਨ ਜ਼ੁਲ ਕ਼ਰਦ ਵਿੱਚ ਰਿਹਾਇਸ਼ ਕੀਤੀ ਤਾਂ ਜੋ ਦੁਸ਼ਮਣ ਦੀ ਕੋਈ ਖ਼ਬਰ ਮਿਲ਼ ਸਕੇ। ਫਿਰ ਸੋਮਵਾਰ ਦੇ ਦਿਨ ਮਦੀਨੇ ਵਾਪਿਸ ਤਸ਼ਰੀਫ਼ ਲੈ ਆਏ। ਇੰਝ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਪੰਜ (05) ਰਾਤਾਂ ਮਦੀਨੇ ਤੋਂ ਬਾਹਰ ਬਿਤਾਈਆਂ।

ਹੁਣ ਇੱਕ ਸਿਰਿੱਯਾ ਦਾ ਜ਼ਿਕਰ ਕਰਾਂਗਾ। ਇਹ ਸਿਰਿੱਯਾ ਸਿਰਿੱਯਾ ਅਬਾਨ ਬਿਨ ਸਈਦ ਕਹਾਉਂਦਾ ਹੈ। ਇਹ ਮੁਹੱਰਮ 07 ਹਿਜਰੀ ਵਿੱਚ ਹੋਇਆ, ਜਦਕਿ ਇੱਕ ਰਿਵਾਇਤ ਵਿੱਚ ਇਸਦੀ ਤਰੀਕ ਜਮਾਦਿਉਸ ਸਾਨੀ 07 ਹਿਜਰੀ ਬਿਆਨ ਹੋਈ ਹੈ। ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਵੀ ਇਸ ਨੂੰ ਮੁਹੱਰਮ 07 ਹਿਜਰੀ ਵਿੱਚ ਹੀ ਲਿਖਿਆ ਹੈ। ਹਜ਼ਰਤ ਅਬਾਨ ਰਜ਼ਿ ਅੱਲਾਹੁ ਅਨਹੁ ਦੇ ਪਿਤਾ ਵਡੇਰੇ ਕ਼ੁਰੈਸ਼ ਵਿੱਚੋਂ ਸਨ। ਉਨ੍ਹਾਂ ਦੇ ਭਰਾ ਅਮ੍ਰ ਅਤੇ ਖ਼ਾਲਿਦ ਪਹਿਲਾਂ ਮੁਸਲਮਾਨ ਹੋ ਗਏ ਸਨ। ਆਪ ਰਜ਼ਿ ਅੱਲਾਹੁ ਅਨਹੁ 13 ਹਿਜਰੀ ਵਿੱਚ ਸ਼ਹੀਦ ਹੋਏ, ਜਦਕਿ ਇੱਕ ਰਿਵਾਇਤ ਦੇ ਮੁਤਾਬਿਕ਼ 27 ਹਿਜਰੀ ਵਿੱਚ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਦੀ ਖ਼ਿਲਾਫ਼ਤ ਦੇ ਦੌਰ ਵਿੱਚ ਫ਼ੌਤ ਹੋਏ। ਇਸ ਸਿਰਿੱਯਾ ਦਾ ਜ਼ਿਕਰ ਬੁਖ਼ਾਰੀ ਸ਼ਰੀਫ਼ ਵਿੱਚ ਇੰਝ ਆਉਂਦਾ ਹੈ ਕਿ ਆਂਹਜ਼ਰਤ

ਸੱਲ-ਲੱਲਾਹੂ ਅਲੈਹਿ-ਵਸੱਲਮ ਨੇ ਹਜ਼ਰਤ ਅਬਾਨ ਰਜ਼ਿ ਅੱਲਾਹੂ ਅਨਹੂ ਨੂੰ ਇੱਕ ਸਿਰੱਯਾ ਵਿੱਚ ਮਦੀਨੇ ਤੋਂ ਨਜਦ ਵੱਲ ਭੇਜਿਆ। ਹਜ਼ਰਤ ਅਬੂ ਹੁਰੈਰਾ ਰਜ਼ਿ ਅੱਲਾਹੂ ਅਨਹੂ ਕਹਿੰਦੇ ਹਨ ਕਿ ਫਿਰ ਅਬਾਨ ਰਜ਼ਿ ਅੱਲਾਹੂ ਅਨਹੂ ਅਤੇ ਉਨ੍ਹਾਂ ਦੇ ਸਾਥੀ ਨਬੀ ਕਰੀਮ ਸੱਲ-ਲੱਲਾਹੂ ਅਲੈਹਿ-ਵਸੱਲਮ ਦੇ ਕੋਲ ਖ਼ੈਬਰ ਵਿੱਚ ਆਏ ਇਸਦੇ ਬਾਅਦ ਕਿ ਆਪ ਸੱਲ-ਲੱਲਾਹੂ ਅਲੈਹਿ-ਵਸੱਲਮ ਨੇ ਇਸ ਨੂੰ ਫ਼ਤਿਹ ਕਰ ਲਿਆ ਸੀ।

ਫਿਰ ਇੱਕ ਬੜੇ ਮਸ਼ਹੂਰ ਗ਼ਜ਼ਵੇ ਦਾ ਜ਼ਿਕਰ ਤਵਾਰੀਖ਼ ਵਿੱਚ ਮਿਲਦਾ ਹੈ, ਜੋ ਗ਼ਜ਼ਵਏ ਖ਼ੈਬਰ ਕਹਾਉਂਦਾ ਹੈ। ਖ਼ੈਬਰ ਬਹੁਤ ਵੱਡਾ ਹਰਿਆਲੀ ਵਾਲਾ ਮੈਦਾਨ ਹੈ ਜਿਹੜਾ ਚਸ਼ਮਿਆਂ ਅਤੇ ਬਹੁਤ ਸਾਰੇ ਪਾਣੀਆਂ ਨਾਲ ਘਿਰਿਆ ਹੋਇਆ ਹੈ ਅਤੇ ਅਰਬ ਵਿੱਚ ਸਭ ਤੋਂ ਵੱਡੇ ਨਖ਼ਲਿਸਤਾਨਾਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ। ਤਾਰੀਖ਼ੀ ਰਿਵਾਇਤ ਅਨੁਸਾਰ ਹਜ਼ਰਤ ਮੂਸਾ ਅਲੈਹਿੱਸ ਸਲਾਤੋ ਵੱਸ-ਸਲਾਮ ਦੇ ਜ਼ਮਾਨੇ ਤੋਂ ਇੱਥੇ ਬਨੀ ਇਸਰਾਈਲ ਦੇ ਯਹੂਦੀ ਆਬਾਦ ਸਨ, ਕੁਝ ਹੋਰ ਰਿਵਾਇਤਾਂ ਵੀ ਹਨ, ਜਿਨ੍ਹਾਂ ਦਾ ਇਹੀ ਸਿੱਟਾ ਨਿਕਲਦਾ ਹੈ ਕਿ ਖ਼ੈਬਰ ਵਿੱਚ ਪੁਰਾਤਨ ਸਮੇਂ ਤੋਂ ਅਤੇ ਵੱਡੇ ਵੱਡੇ ਕ਼ਿਲ੍ਹੇ ਬਣਾ ਕੇ ਯਹੂਦੀ ਆਬਾਦ ਸਨ। ਇਬ੍ਰਾਨੀ ਭਾਸ਼ਾ ਵਿੱਚ ਖ਼ੈਬਰ ਦਾ ਮਤਲਬ ਵੀ ਕ਼ਿਲ੍ਹਾ ਹੈ। ਯਹੂਦੀਆਂ ਦੇ ਕੁੱਝ ਕ਼ਬੀਲੇ ਮਦੀਨੇ ਵਿੱਚ ਵੀ ਆਬਾਦ ਸਨ, ਪਰ ਖ਼ੈਬਰ ਦੇ ਯਹੂਦੀਆਂ ਨੂੰ ਇੱਕ ਗੱਲ ਉਚੇਚਾ ਕਰਦੀ ਹੈ ਕਿ ਇੱਥੋਂ ਦੇ ਯਹੂਦੀ ਬਾਕ਼ੀ ਤਮਾਮ ਯਹੂਦੀਆਂ ਨਾਲੋਂ ਬਹਾਦੁਰ ਅਤੇ ਜੰਗਜੂ ਸਨ ਅਤੇ ਉਨ੍ਹਾਂ ਵਿੱਚ ਏਕਾ ਵੀ ਬਾਕ਼ੀਆਂ ਨਾਲੋਂ ਵਧ ਕੇ ਸੀ, ਜਿਸ ਕਾਰਣ ਇਹ ਅਰਬ ਵਿੱਚ ਤਾਕ਼ਤ ਅਤੇ ਸ਼ਕਤੀ ਦੀ ਇੱਕ ਇਕਾਈ ਸਮਝੀ ਜਾਣ ਵਾਲੀ ਕ਼ੌਮ ਸੀ। ਮਦੀਨੇ ਦੇ ਯਹੂਦੀ ਹੋਣ ਜਾਂ ਖ਼ੈਬਰ ਦੇ ਯਹੂਦੀ, ਆਂਹਜ਼ਰਤ ਸੱਲ-ਲੱਲਾਹੂ ਅਲੈਹਿ-ਵਸੱਲਮ ਅਤੇ ਇਸਲਾਮ ਦੇ ਬਾਰੇ ਉਨ੍ਹਾਂ ਦੀਆਂ ਸਾਜ਼ਿਸ਼ਾਂ ਬਾਗ਼ੀਆਨਾ ਹੱਦ ਤੱਕ ਪਹੁੰਚੀਆਂ ਹੋਈਆਂ ਸਨ। ਈਰਖਾ ਅਤੇ ਦੁਸ਼ਮਣੀ ਵਿੱਚ ਵਧਦੀ ਹੀ ਜਾਣ ਵਾਲੀ ਇਸ ਕ਼ੌਮ ਨੇ ਇਸਲਾਮ ਅਤੇ ਨਬੀ ਕਰੀਮ ਸੱਲ-ਲੱਲਾਹੂ ਅਲੈਹਿ-ਵਸੱਲਮ ਦੀ ਮੁਬਾਰਕ ਜ਼ਾਤ ਨੂੰ ਵੀ ਖ਼ਤਮ ਕਰਨ ਵਿੱਚ ਕੋਈ ਕਮੀ ਨਾ ਛੱਡੀ। ਮਦੀਨੇ 'ਚੋਂ ਕੱਢੇ ਜਾਣ ਦੇ ਬਾਅਦ ਯਹੂਦੀਆਂ ਦੀ ਇੱਕ ਗਿਣਤੀ ਖ਼ੈਬਰ ਵਿੱਚ ਆਬਾਦ ਹੋ ਗਈ ਸੀ। ਪਰ ਖ਼ੈਬਰ ਜਿਹੜੀ ਕਿ ਪਹਿਲਾਂ ਹੀ ਇੱਕ ਬਹੁਤ ਵੱਡੀ ਜੰਗੀ ਤਾਕ਼ਤ ਸੀ, ਹੁਣ ਮੁਸਲਮਾਨਾਂ ਦੇ ਵਿਰੁੱਧ ਖ਼ਤਰਨਾਕ ਮਨਸੂਬਿਆਂ ਦਾ ਗੜ੍ਹ ਬਣ ਗਿਆ। ਇਹ ਉਹ ਖ਼ਾਸ ਪਿਛੋਕੜ ਸੀ ਕਿ ਨਬੀ ਕਰੀਮ ਸੱਲ-ਲੱਲਾਹੂ ਅਲੈਹਿ-ਵਸੱਲਮ ਨੇ ਖ਼ੁਦਾਈ ਇਸ਼ਾਰਿਆਂ ਦੇ ਤਹਿਤ ਇਹ ਫ਼ੈਸਲਾ ਕੀਤਾ ਕਿ ਖ਼ੈਬਰ ਵੱਲ ਵਧਿਆ ਜਾਵੇ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੂ ਅਨਹੂ ਬਿਆਨ ਕਰਦੇ ਹਨ ਕਿ ਬੁਨਿਆਦੀ ਤੌਰ 'ਤੇ ਸੁਲਹ ਹੁਦੈਬਿਯਾ ਇੱਕ ਬਹੁਤ ਵੱਡੀ ਫ਼ਤਿਹ ਸੀ। ਕੁਰਆਨ ਕਰੀਮ ਨੇ ਇਸਨੂੰ ਇੱਕ ਅਜ਼ੀਮ ਫ਼ਤਿਹ ਕ਼ਰਾਰ ਦਿੱਤਾ ਹੈ ਜਿਵੇਂ ਕਿ ਫ਼ਰਮਾਇਆ ਹੈ إِنَّا فَتَحْنَا لَكَ فَتْحًا مُّبِينًا ਕਿ ਅਸੀਂ ਤੁਹਾਨੂੰ ਇੱਕ ਖੁੱਲ੍ਹੀ ਖੁੱਲ੍ਹੀ ਫ਼ਤਿਹ ਦਿੱਤੀ ਹੈ। ਇਹ ਖੁੱਲ੍ਹੀ ਫ਼ਤਿਹ ਉਹ ਬੂਹਾ ਸੀ ਜਿਸ ਥਾਣੀ ਲੰਘ ਕੇ ਖ਼ੈਬਰ ਅਤੇ ਫ਼ਤਹਿ ਮੱਕਾ ਵਰਗੀਆਂ ਵੱਡੀਆਂ ਜਿੱਤਾਂ ਨਸੀਬ ਹੋਈਆਂ। ਅਸਲ ਵਿੱਚ ਅੱਲਾਹ ਤਆਲਾ ਨੇ ਉਸੇ ਵੇਲੇ ਹੀ ਫ਼ਤਹਿ ਖ਼ੈਬਰ ਦਾ ਵਾਅਦਾ ਕਰ ਦਿੱਤਾ ਸੀ ਜਦ ਸੁਲਹ ਹੁਦੈਬਿਯਾ ਤੋਂ ਵਾਪਸੀ 'ਤੇ ਮੱਕਾ ਅਤੇ ਮਦੀਨਾ ਦੇ ਵਿੱਚਕਾਰ ਸੂਰਤ ਫ਼ਤਿਹ ਨਾਜ਼ਿਲ ਹੋਈ ਸੀ। ਆਂਹਜ਼ਰਤ ਸੱਲ-ਲੱਲਾਹੂ ਅਲੈਹਿ-ਵਸੱਲਮ ਨੇ ਖ਼ੈਬਰ ਵੱਲ ਜਾਣ ਦਾ ਜਦ ਐਲਾਨ ਕਰਵਾਇਆ ਤਾਂ ਨਾਲ ਇਹ ਐਲਾਨ ਵੀ ਕਰਵਾਇਆ ਕਿ ਸਿਰਫ਼ ਉਹੀ ਨਾਲ ਚੱਲਣਗੇ ਜਿਹੜੇ ਸੁਲਹ ਹੁਦੈਬਿਯਾ ਵਿੱਚ ਸ਼ਰੀਕ ਸਨ। ਇੱਕ ਰਿਵਾਇਤ ਦੇ ਮੁਤਾਬਿਕ਼ ਆਂਹਜ਼ਰਤ ਸੱਲ-ਲੱਲਾਹੂ ਅਲੈਹਿ-ਵਸੱਲਮ ਨੇ ਫ਼ਰਮਾਇਆ, ਜਿਹੜੇ ਮਾਲਿ ਗ਼ਨੀਮਤ ਦੇ ਉਦੇਸ਼ ਨਾਲ ਨਿਕਲ ਰਹੇ ਹਨ, ਉਹ ਮੇਰੇ ਨਾਲ ਨਾ ਨਿਕਲਣ, ਉਹੀ ਲੋਕ ਮੇਰੇ ਨਾਲ ਰਵਾਨਾ ਹੋਣ ਜਿਹੜੇ ਸਿਰਫ਼ ਜਿਹਾਦ ਦਾ ਸ਼ੌਕ਼ ਰੱਖਦੇ ਹੋਣ।

ਅੱਲਾਮਾ ਇਬਨਿ ਇਸਹਾਕ਼ ਅਤੇ ਇਬਨਿ ਸਾਅਦ ਨੇ ਬਿਆਨ ਕੀਤਾ ਹੈ ਕਿ ਸਭ ਤੋਂ ਪਹਿਲਾਂ ਜੰਗਿ ਖ਼ੈਬਰ ਵਿੱਚ ਪਰਚਮ ਦਾ ਜ਼ਿਕਰ ਮਿਲਦਾ ਹੈ, ਇਸ ਤੋਂ ਪਹਿਲਾਂ ਸਿਰਫ਼ ਛੋਟੇ ਛੋਟੇ ਝੰਡੇ ਹੁੰਦੇ ਸਨ। ਆਪ ਸੱਲ-ਲੱਲਾਹੂ ਅਲੈਹਿ-ਵਸੱਲਮ ਦਾ ਪਰਚਮ ਕਾਲੇ ਰੰਗ ਦਾ ਸੀ, ਜਿਹੜਾ ਹਜ਼ਰਤ ਆਇਸ਼ਾ ਰਜ਼ਿ ਅੱਲਾਹੂ ਅਨਹਾ ਦੀ ਚਾਦਰ ਨਾਲ ਬਣਾਇਆ ਗਿਆ ਸੀ, ਇਸਦਾ ਨਾਮ ਉਕ਼ਾਬ ਸੀ। ਰਿਵਾਇਤ ਵਿੱਚ ਹਜ਼ਰਤ ਅਲੀ ਰਜ਼ਿ ਅੱਲਾਹੂ ਅਨਹੂ ਨੂੰ ਵੀ ਇੱਕ ਝੰਡਾ ਦਿੱਤੇ ਜਾਣ ਦਾ ਜ਼ਿਕਰ ਮਿਲਦਾ ਹੈ ਪਰ ਉਹ ਝੰਡਾ ਖ਼ੈਬਰ ਵਿੱਚ ਦਿੱਤਾ ਗਿਆ ਸੀ। ਇਸ ਸਫ਼ਰ ਵਿੱਚ ਉੱਮੁਲ ਮੋਮਿਨੀਨ ਹਜ਼ਰਤ ਉੱਮੇ ਸਲਮਾ ਰਜ਼ਿ ਅੱਲਾਹੂ ਅਨਹਾ ਆਪ ਸੱਲ-ਲੱਲਾਹੂ ਅਲੈਹਿ-ਵਸੱਲਮ ਦੇ ਨਾਲ ਸਨ। ਇੱਕ ਰਿਵਾਇਤ ਦੇ

ਮੁਤਾਬਿਕ਼ ਛੇ ਸੱਤ (06,07) ਸਹਾਬਿਯਾਤ ਵੀ ਇਸ ਮੁਹਿੰਮ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਸਨ, ਅਤੇ ਇੱਕ ਰਿਵਾਇਤ ਅਨੁਸਾਰ ਵੀਹ (20) ਸਹਾਬਿਯਾਤ ਇਸ ਗ਼ਜ਼ਵੇ ਵਿੱਚ ਸ਼ਾਮਿਲ ਹੋਈਆਂ।

ਖ਼ੈਬਰ ਦੇ ਯਹੂਦੀਆਂ ਨੂੰ ਜਦ ਮੁਸਲਮਾਨਾਂ ਦੀ ਫ਼ੌਜ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਇੱਕ ਵਫ਼ਦ ਤਿਆਰ ਕਰਕੇ ਆਲ਼ੇ ਦੁਆਲ਼ੇ ਦੇ ਜੰਗਜੂ ਕ਼ਬੀਲਿਆਂ ਵੱਲ ਭੇਜਿਆ ਤਾਂ ਜੋ ਉਨ੍ਹਾਂ ਤੋਂ ਫ਼ੌਜੀ ਮਦਦ ਦੀ ਬੇਨਤੀ ਕੀਤੀ ਜਾਵੇ। ਕ਼ਬੀਲਾ ਮੁੱਰਾ ਨੇ ਦੂਰ ਅੰਦੇਸ਼ੀ ਤੋਂ ਕੰਮ ਲੈਂਦੇ ਹੋਏ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ ਅਲੱਬਤਾ ਬਨੂ ਅਸਦ ਅਤੇ ਬਨੂ ਗ਼ਤਫ਼ਾਨ ਜਿਹੇ ਜੰਗਜੂ ਕ਼ਬੀਲੇ ਅਸਲੇ ਅਤੇ ਫ਼ੌਜੀਆਂ ਨਾਲ਼ ਮਦਦ ਲਈ ਤਿਆਰ ਹੋ ਗਏ।

ਹਜ਼ੂਰ ਅਨਵਰ ਨੇ ਇਰਸ਼ਾਦ ਫ਼ਰਮਾਇਆ ਕਿ ਇਸਦੀ ਤਫ਼ਸੀਲ ਇੰਸ਼ਾ ਅੱਲਾਹ ਆਇੰਦਾ ਬਿਆਨ ਕਰਾਂਗਾ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ۞وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ۞عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ۞